ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ) ਪੰਜਾਬ,ਐਸ.ਏ.ਐਸ.ਨਗਰ।
(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਮੰਡਲ ਸਿਖਿਆ ਅਫਸਰ,
ਸਮੂਹ ਜਿਲਾ ਸਿਖਿਆ ਅਫਸਰ(ਸੈ:ਸਿ) ਪੰਜਾਬ
ਮੀਮੋ ਨੰ:-15/12-15 ਸੈ:ਸਿ(2)
ਮਿਤੀ ਐਸ.ਏ.ਐਸ.ਨਗਰ:- 17.5.15

ਵਿਸ਼ਾ:- ਮਾਲਤੀ ਗਿਆਨ ਪੀਠ ਪੁਰਸਕਾਰ ਸਾਲ 2015 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਹਿੰਦਰ ਸਿੰਘ ਸਿੰਘਲ, ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ, ਨਵੀ ਦਿੱਲੀ ਵੱਲੋਂ ਪ੍ਰਾਪਤ ਪੱਤਰ, ਸਰਕਾਰ ਦੀ ਪਾਲਿਸੀ ਤੇ ਉਸ ਦੀਆਂ ਸੋਧਾਂ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਇਸ ਅਨੁਸਾਰ ਆਪਣੇ ਜ਼ਿਲਿਆਂ ਤੋਂ ਪ੍ਰਾਪਤ ਕੇਸਾਂ ਦਾ ਹੇਠਾਂ ਅਨੁਸਾਰ ਮੁਲਾਂਕਣ ਕਰਦੇ ਹੋਏ ਮਿਤੀ:23-4-15 ਤੱਕ ਹਰ ਹਾਲਤ ਮੁਲਾਂਕਣ ਸੂਚੀਆਂ ਭੇਜੀਆਂ ਜਾਣ। ਇਸ ਮਿਤੀ ਤੋਂ ਪ੍ਰਾਪਤ ਸੂਚੀਆਂ ਵਿਚਾਰੀਆਂ ਨਹੀਂ ਜਾਣਗੀਆਂ। ਕਿਉਂਕਿ ਸਬੰਧਤ ਸੋਸਾਇਟੀ ਵੱਲੋਂ ਇਕ ਮਈ ਨੂੰ ਹੋਟਲ ਤਾਜ ਚੰਡੀਗੜ੍ਹ ਵਿਖੇ ਫਾਇਨਲ ਸਿਲੈਕਸ਼ਨ ਕਰਨੀ ਹੈ। ਇਸ ਦਾ ਸਥਾਨ ਅਤੇ ਪ੍ਰੋਗਰਾਮ ਪਹਿਲਾਂ ਹੀ ਸੋਸਾਇਟੀ ਦੇ ਭੇਜੇ ਪੱਤਰ ਵਿੱਚ ਦਰਸਾਇਆ ਗਿਆ ਹੈ:-

1) ਪਿਛਲੇ 5 ਸਾਲਾਂ ਦੀਆਂ (ਸਾਲ 2010-11 ਤੋਂ 2014-15 ਤੱਕ) ਸਾਲਾਨਾ ਗੁਪਤ ਰਿਪੋਰਟਾਂ ਦੇ ਕੁੱਲ ਅੰਕ= 10 (ਬਹੁਤ ਅੱਛਾ=1 ਅਤੇ ਉੱਤਮ =2 ਅੰਕ)
2) ਪਿਛਲੇ 5 ਸਾਲਾਂ ਦੇ (ਸਾਲ 2010-11 ਤੋਂ 2014-15 ਤੱਕ) ਦੇ ਨਤੀਜੇ (ਨਾਲ ਨੱਥੀ ਪ੍ਰੋਫਾਰਮੇ ਅਨੁਸਾਰ) ਕੁੱਲ ਅੰਕ= 35
3) ਅਧਿਆਪਕਾਂ ਦਾ ਪੋਸਟ ਲਈ ਲੋੜੀਂਦੀ ਯੋਗਤਾ ਤੋਂ ਵੱਧ ਪ੍ਰਾਪਤ ਕੀਤੀ ਗਈ ਯੋਗਤਾ ਲਈ ਵੱਧ ਤੋਂ ਵੱਧ 6 ਅੰਕ (ਜਿਵੇਂ ਕਿ ਮਾਸਟਰ ਕੇਡਰ ਲਈ (1) ਐਮ.ਏ/ਐਮ.ਐਸ.ਸੀ/ਐਮ.ਕਾਮ/ ਐਮ.ਪੀ.ਐਡ=1 ਅੰਕ,(2) ਐਮ.ਐਡ= 1 ਅੰਕ,(3) ਐਮ.ਫਿਲ=2 ਅੰਕ ਅਤੇ (4) ਪੀ.ਐਚ.ਡੀ= 2 ਅੰਕ। ਇਸੇ ਤਰ੍ਹਾਂ ਲੈਕਚਰਾਰ ਲਈ (1) ਐਮ.ਐਡ= 2 ਅੰਕ, (2) ਐਮ.ਫਿਲ= 2 ਅੰਕ, (3) ਪੀ.ਐਚ.ਡੀ= 2 ਅੰਕ)
4) ਅਧਿਆਪਕਾਂ ਦਾ ਪਬਲਿਕ ਵਿੱਚ ਅੱਛਾ ਪ੍ਰਭਾਵ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਕੋਈ ਇੰਨਕੁਆਰੀ/ਪੜਤਾਲ ਪੈਂਡਿੰਗ ਨਹੀਂ ਹੋਣੀ ਚਾਹੀਦੀ।
5) ਹਰੇਕ ਅਧਿਆਪਕ ਦੀ ਆਪਣੇ ਵਿਸ਼ੇ ਜਿਸ ਵਿੱਚ ਉਸਦਾ ਕੇਸ ਵਿਚਾਰਿਆ ਜਾ ਰਿਹਾ ਹੈ,ਉਸ ਵਿਸ਼ੇ ਵਿੱਚ ਵਿਸ਼ੇਸ਼ ਪ੍ਰਾਪਤੀ।
6)

| ਲੜੀ ਨੰ: | ਜ਼ਿਲ੍ਹਾ | ਵਿਸ਼ਾ | ਪ੍ਰਾਪਤ ਕੇਸ |
|---|---|---|---|
| 1 | | ਫਿਜੀਕਸ | 1 |
| 2 | | ਕਮਿਸਟਰੀ | 1 |
| 3 | | ਮੈਥ | 1 |
| 4 | | ਇੰਗਲਿਸ਼ | 1 |
| 5 | | ਸਾਇੰਸ | |
| 6 | | ਕੰਪਿਊਟਰ ਸਾਇੰਸ | |
| 7 | | ਇਕਨੋਮਿਕਸ | |

| | | | |
|---|---|---|---|
| 8 | | ਕੰਪਿਊਟਰ | |
| 9 | | ਫਿਜੀਕਲ ਐਜੂਕੇਸ਼ਨ | |

ਨੋਟ:- ਲੜੀ ਨੰਬਰ 1 ਤੋਂ 4 ਤੱਕ ਹਰ ਵਿਸ਼ੇ ਦਾ ਇੱਕ ਇੱਕ ਅਧਿਆਪਕ ਅਤੇ ਲੜੀ ਨੰ: 5 ਤੋਂ ਲੈ ਕੇ ਲੜੀ ਨੰ: 9 ਤੱਕ ਦੇ ਵਿਸ਼ਿਆਂ ਵਿੱਚੋਂ ਸਭ ਤੋਂ ਅੱਛੇ ਕਿਸੇ ਇੱਕ ਵਿਸ਼ੇ ਦੇ ਅਧਿਆਪਕ ਦਾ ਨਾਮ ਚੁਣ ਕੇ ਭੇਜਿਆ ਜਾਵੇ।

ਉਪਰੋਕਤ ਅਨੁਸਾਰ ਮੁਲਾਂਕਣ ਕਰਦੇ ਹੋਏ ਇਨ੍ਹਾਂ ਵਿਸ਼ਿਆਂ ਵਿੱਚੋਂ ਸਿਰਫ 5 ਸਰਵੋਤਮ ਅਧਿਆਪਕਾਂ ਦੇ ਮੁਲਾਂਕਣ ਚਾਰਟ ਨੱਥੀ ਪ੍ਰੋਫਾਰਮੇ ਅਨੁਸਾਰ ਭੇਜੇ ਜਾਣ।

ਨੱਥੀ ਪ੍ਰੋਫਾਰਮੇ ਵਿੱਚ ਲੜੀ ਨੰ: 1 ਤੋਂ 3 ਤੱਕ ਮੁਲਾਂਕਣ ਕਰਕੇ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਭੇਜਿਆ ਜਾਵੇਗਾ ਅਤੇ MSS E & R SOCITY ਨਵੀਂ ਦਿੱਲੀ ਵੱਲੋਂ ਲੜੀ ਨੰ: 4 ਅਨੁਸਾਰ ਮੌਕੇ ਤੇ 25 ਅੰਕਾਂ ਦੀ ਲਿਖਤੀ ਪ੍ਰੀਖਿਆ ਲਈ ਜਾਵੇਗੀ । ਲੜੀ ਨੰ: 5 ਅਨੁਸਾਰ 24 ਅੰਕਾਂ ਦੀ ਇੰਟਰਵਿਊ ਲਈ ਜਾਵੇਗੀ। ਇਸ ਤਰ੍ਹਾਂ 100 ਅੰਕਾਂ ਵਿੱਚੋਂ ਮੁਲਾਂਕਣ ਕਰਨ ਉਪਰੰਤ ਸਬੰਧਤ ਵਿਸ਼ੇ ਵਿੱਚ ਅਧਿਆਪਕਾਂ ਨੂੰ ਅਵਾਰਡ ਲਈ ਚੁਣਿਆ ਜਾਵੇਗਾ।

17/4/15

ਡਿਪਟੀ ਡਾਇਰੈਕਟਰ(ਸੈ:ਸਿ)

# Malti Gyan Peeth Puruskar-2015
## (Evaluation Sheet)

1) Name of the Teacher ........................................
2) Designation/ Subject ........................................
3) School Name ........................................
4) Date of Birth/ Retirement ........................................
5) Date of Joining ........................................

| Sr. No. | Details | Total Marks | Marks obtained |
|---|---|---|---|
| 1 | ਮਾਸਟਰ ਕੇਡਰ ਲਈ (1) ਐਮ.ਏ/ਐਮ.ਐਸ.ਸੀ/ਐਮ.ਕਾਮ/ਐਮ.ਪੀ.ਐਡ=1 ਅੰਕ, (2) ਐਮ.ਐਡ= 1 ਅੰਕ, (3) ਐਮ.ਫਿਲ=2 ਅੰਕ ਅਤੇ (4) ਪੀ.ਐਚ.ਡੀ= 2 ਅੰਕ। ਇਸੇ ਤਰ੍ਹਾਂ ਲੈਕਚਰਾਰ ਲਈ (1) ਐਮ.ਐਡ= 2 ਅੰਕ, (2) ਐਮ.ਫਿਲ= 2 ਅੰਕ, (3) ਪੀ.ਐਚ.ਡੀ= 2 ਅੰਕ) | 06 | ਜਿਲ੍ਹਾ ਸਿਖਿਆ ਅਫਸਰ ਵੱਲੋਂ ਦਿੱਤੇ ਜਾਣਗੇ |
| 2 | ACRs/ Service Record<br>Grading Outstanding- 2 marks<br>Grading Very God- 1 marks<br>Below Very Good- no marks<br>(2x5=10) | 10 | ਜਿਲ੍ਹਾ ਸਿਖਿਆ ਅਫਸਰ ਵੱਲੋਂ ਦਿੱਤੇ ਜਾਣਗੇ |
| 3 | Results<br>00%- 7 marks per year<br>90% to 99%- 5 marks per year<br>80% to 90%- 4 marks<br>70% to 80%- 3 marks<br>60% to 70%- 2 marks<br>Below 60%- no marks<br>(7x5=35) | 35 | ਜਿਲ੍ਹਾ ਸਿਖਿਆ ਅਫਸਰ ਵੱਲੋਂ ਦਿੱਤੇ ਜਾਣਗੇ |
| 4 | Test on the spot | 25 | ਕਮੇਟੀ ਵੱਲੋਂ ਦਿੱਤੇ ਜਾਣਗੇ |
| | Total (Excluding Interview) | 76 | |
| 5 | Interview | 24 | ਕਮੇਟੀ ਵੱਲੋਂ ਦਿੱਤੇ ਜਾਣਗੇ |
| | Grand Total | 100 | |

ਜਿਲ੍ਹਾ ਸਿਖਿਆ ਅਫਸਰ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਵੱਲ

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:)
ਪੰਜਾਬ, ਐਸ.ਏ.ਐਸ ਨਗਰ ਮੋਹਾਲੀ।

ਮੀਮੋ ਨੰ: 4/2/12-1ਸਿ6/343
ਮਿਤੀ : ਚੰਡੀਗੜ੍ਹ 3-5-2014

ਵਿਸ਼ਾ ਮਾਲਤੀ ਗਿਆਨ ਪੀਠ ਪੁਰਸਕਾਰ ਸਾਲ 2014 ਦੇਣ ਸਬੰਧੀ।

ਉਪਰੋਕਤ ਵਿਸ਼ੇ ਤੇ ਆਪ ਵੱਲੋਂ ਮਿਸਲ ਨੰ 15/1-2014 ਸੈ:ਸਿ(2) ਤੇ ਮਿਤੀ 16-04-2014 ਰਾਹੀਂ ਭੇਜੀ ਤਜਵੀਜ਼ ਦੇ ਹਵਾਲੇ ਵਿੱਚ।

2. ਮਹਿੰਦਰ ਸਿੰਘ ਸਿੰਘਲ, ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ (ਰਜਿਸਟਰਡ) ਵੱਲੋ ਪ੍ਰਾਪਤ ਤਜਵੀਜ਼ ਮਿਤੀ 3 ਮਈ 2014 ਨੂੰ ਘੋਖਣ ਉਪਰੰਤ, ਰਾਜ ਦੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਫਿਜੀਕਸ, ਕੈਮਿਸਟਰੀ, ਮੈਥ, ਅੰਗ੍ਰੇਜੀ, ਅਤੇ ਸ਼ੋਸ਼ਲ ਸਾਇੰਸ ਵਿਸ਼ਿਆਂ ਨਾਲ ਸਬੰਧਤ, ਉੱਘੇ ਰੈਗੂਲਰ ਸਰਕਾਰੀ ਅਧਿਆਪਕ ਜਿਹਨਾਂ ਵੱਲੋਂ ਲੜਕੀਆਂ ਦੀ ਸਿੱਖਿਆ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ ਗਿਆ ਹੋਵੇ, ਨੂੰ ਮਹਿੰਦਰ ਸਿੰਘ ਸਿੰਘਲ, ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ (ਰਜਿਸਟਰਡ) ਵੱਲੋਂ ਹੇਠ ਦਰਜ ਸ਼ਰਤਾਂ ਤੇ 'ਮਾਲਤੀ ਗਿਆਨ ਪੀਠ ਪੁਰਸਕਾਰ' ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ :-

(A) <u>ਮਾਲਤੀ ਗਿਆਨ ਪੀਠ ਪੁਰਸਕਾਰ</u>

1) ਇਹ ਅਵਾਰਡ ਮਹਿੰਦਰ ਸਿੰਘ ਸਿੰਘਲ, ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ (ਰਜਿਸਟਰਡ) ਵੱਲੋਂ 15 ਅਧਿਆਪਕਾਂ ਨੂੰ ਦਿੱਤਾ ਜਾਵੇਗਾ। ਫਿਜੀਕਸ, ਕੈਮਿਸਟਰੀ, ਮ੍ਰੈਥਸ, ਇੰਗਲਿਸ਼ ਅਤੇ ਸ਼ੋਸ਼ਲ ਸਾਇੰਸ ਵਿਸ਼ਿਆਂ ਵਿੱਚ ਹਰੇਕ ਵਿਸ਼ੇ ਲਈ 3 ਯੋਗ ਅਧਿਆਪਕਾਂ ਨੂੰ ਚੁਣਿਆ ਜਾਵੇਗਾ।

2) ਅਵਾਰਡ ਲਈ ਚੁਣੇ ਗਏ ਹਰੇਕ ਅਧਿਆਪਕ ਨੂੰ ਇੱਕ ਲੱਖ ਰੁਪਏ ਨਕਦ, ਸਨਮਾਨ ਪੱਤਰ ਅਤੇ "Robe of Honour" ਦਿੱਤਾ ਜਾਵੇਗਾ।

(B) <u>ਪਾਤਰਤਾ</u>

1) ਅਵਾਰਡ ਲਈ ਸਿਫਾਰਸ਼ ਕੀਤੇ ਜਾਣ ਵਾਲੇ ਅਧਿਆਪਕ ਨੇ ਬੀ.ਏ./ਬੀ.ਐੱਸ.ਸੀ. ਅਤੇ ਬੀ.ਐਡ. ਦੀ ਪ੍ਰੀਖਿਆ ਘੱਟੋ-ਘੱਟ 55% ਨੰਬਰਾਂ ਨਾਲ ਪਾਸ ਕੀਤੀ ਹੋਵੇ।

2) ਅਧਿਆਪਕ ਨੇ ਲੜਕੀਆਂ ਦੇ ਹਾਈ/ਸੀਨੀਅਰ ਸੈਕੰਡਰੀ ਸਕੂਲ ਵਿੱਚ ਘੱਟੋ-ਘੱਟ 10 ਸਾਲ ਲਈ ਸਬੰਧਤ ਵਿਸ਼ਾ ਪੜਾਇਆ ਹੋਵੇ।

3) ਅਵਾਰਡ ਲਈ ਸਿਫਾਰਸ਼ ਕੀਤੇ ਗਏ ਅਧਿਆਪਕ ਦੀ ਸਰਵਿਸ ਘੱਟੋ-ਘੱਟ 3 ਸਾਲ ਬਾਕੀ ਰਹਿੰਦੀ ਹੋਵੇ।

4) ਅਧਿਆਪਕ ਨੂੰ ਆਪਣੇ ਵਿਸ਼ੇ ਵਿੱਚ ਉੱਚ ਪੱਧਰ ਦਾ ਗਿਆਨ ਹੋਣਾ ਚਾਹੀਦਾ ਹੈ।

5) ਇੱਕ ਸਕੂਲ ਇੱਕ ਵਿਸ਼ੇ ਦੇ ਸਿਰਫ ਇੱਕ ਅਧਿਆਪਕ ਦੀ ਅਵਾਰਡ ਲਈ ਸਿਫਾਰਸ਼ ਕਰੇਗਾ।

6) ਅਧਿਆਪਕ ਦੇ ਵਿਰੁੱਧ ਕਿਸੇ ਕਿਸਮ ਦਾ ਕਰਿਮੀਨਲ ਕੇਸ/ਵਿਭਾਗੀ ਅਨੁਸਾਸਨੀ ਕਾਰਵਾਈ ਪੈਂਡਿੰਗ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਉਹ ਕਿਸੇ ਰਾਜਨੀਤਿਕ ਕਾਰਵਾਈ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ।

7) ਸਟੇਟ ਅਵਾਰਡ/ਨੈਸ਼ਨਲ ਅਵਾਰਡ ਪ੍ਰਾਪਤ ਕਰ ਚੁੱਕੇ ਅਧਿਆਪਕਾਂ ਦੇ ਕੇਸ ਇਸ ਅਵਾਰਡ ਲਈ ਨਹੀਂ ਵਿਚਾਰੇ ਜਾਣਗੇ।

(C) <u>ਚੋਣ ਵਿਧੀ</u>

1) ਅਵਾਰਡ ਲਈ ਪਾਤਰਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਉੱਘੇ ਅਧਿਆਪਕਾਂ ਦੇ ਕੇਸ ਸਕੂਲ ਮੁਖੀ ਵੱਲੋਂ ਸਿਫਾਰਸ਼ ਸਹਿਤ ਹਰ ਸਾਲ 15 ਮਾਰਚ ਤੱਕ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਭੇਜੇ ਜਾਣਗੇ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਪ੍ਰਧਾਨਗੀ ਵਿੱਚ ਇੱਕ ਕਮੇਟੀ ਬਣਾਈ ਜਾਵੇਗੀ ਜੋ ਕੇਸ ਚੈੱਕ ਕਰਨ ਉਪਰੰਤ ਯੋਗ ਅਧਿਆਪਕਾਂ ਦੇ ਕੇਸ ਸਿਫਾਰਸ਼ ਸਹਿਤ ਡਾਇਰੈਕਟੋਰੇਟ ਨੂੰ 31 ਮਾਰਚ ਤੱਕ ਭੇਜਣਗੇ। ਇਸ ਉਪਰੰਤ ਜ਼ਿਲ੍ਹਿਆਂ ਤੋਂ ਭੇਜੇ ਗਏ ਕੇਸਾਂ ਵਿੱਚੋਂ ਡਾਇਰੈਕਟੋਰੇਟ ਪੱਧਰ ਤੇ ਬਣਾਈ ਗਈ ਕਮੇਟੀ/ਸਬ-ਕਮੇਟੀ ਇਹਨਾਂ ਵਿੱਚੋਂ 75 ਅਵਾਰਡ ਲਈ ਯੋਗ ਅਧਿਆਪਕਾਂ ਦੇ ਕੇਸ ਮਹਿੰਦਰ ਸਿੰਘ ਸਿੰਘਲ ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ ਨੂੰ 15 ਅਪ੍ਰੈਲ ਤੱਕ ਭੇਜੇ ਜਾਣਗੇ।

2) ਸਿੱਖਿਆ ਵਿਭਾਗ ਵੱਲੋਂ ਸਿਫਾਰਸ਼ ਕੀਤੇ 75 ਅਧਿਆਪਕਾਂ ਵਿੱਚੋਂ 15 ਅਧਿਆਪਕਾਂ ਦੀ ਚੋਣ ਸੁਸਾਇਟੀ ਵੱਲੋਂ ਗਠਿਤ ਜਿਊਰੀ ਵੱਲੋਂ ਕੀਤੀ ਜਾਵੇਗੀ, ਜਿਸ ਵਿੱਚ ਡੀ.ਪੀ.ਆਈ. (ਸੈ:ਸਿ:) ਜਾਂ ਇਹਨਾਂ ਦਾ ਨੁਮਾਇੰਦਾ ਮੈਂਬਰ ਵਜੋਂ ਸ਼ਾਮਲ ਹੋਣਗੇ।

3) ਕਿਸੇ ਵੀ ਅਧਿਆਪਕ ਨੂੰ ਅਵਾਰਡ ਦੇਣ ਲਈ ਪਾਤਰਤਾ ਅਤੇ ਵਿਲੱਖਣ ਕਾਰਗੁਜਾਰੀ ਸਬੰਧੀ ਫੈਸਲਾ ਨਿਰੋਲ ਸੁਸਾਇਟੀ ਅਤੇ ਸਿੱਖਿਆ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ।

3. ਉਪਰੋਕਤ ਅਵਾਰਡ ਸਬੰਧੀ ਅਤੇ ਕਰਵਾਏ ਜਾਣ ਵਾਲੇ ਸਮਾਗਮ ਸਬੰਧੀ ਆਉਣ ਵਾਲਾ ਕੁਲ ਖਰਚਾ ਮਹਿੰਦਰ ਸਿੰਘ ਸਿੰਘਲ ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ ਵੱਲੋਂ ਕੀਤਾ ਜਾਵੇਗਾ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਮਾਮਲੇ ਵਿੱਚ ਉਪਰੋਕਤ ਅਨੁਸਾਰ ਅਗਲੇਰੀ ਕਾਰਵਾਈ ਤੁਰੰਤ ਕਰਨ ਦੀ ਖੇਚਲ ਕੀਤੀ ਜਾਵੇ।

ਮਨੋਜ ਕੁਮਾਰ

ਸੁਪਰਡੰਟ

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।

(ਸਿੱਖਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ ਚੌਥੀ ਮੰਜਲ।)

ਵੱਲ:

ਸਮੂਲ ਮੰਡਲ ਸਿੱਖਿਆ ਅਫਸਰ, ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਵਿਸ਼ਾ: ਮਾਲਤੀ ਗਿਆਨ ਪੀਠ ਪੁਰਸਕਾਰ ਦੇ ਕੇਸ ਭੇਜਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਨੰਬਰ 15/4-2012 ਸੈ.ਸਿ.(2) ਮਿਤੀ: ਅਜੀਤਗੜ੍ਹ 03-05-2014

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਾਲਤੀ ਗਿਆਨ ਪੀਠ ਪੁਰਸਕਾਰ ਸਾਲ 2014 ਲਈ ਲੜਕੀਆਂ ਦੇ ਸਕੂਲ ਵਿੱਚ 10 ਸਾਲ ਪੜ੍ਹਾਉਣ ਦੇ ਤਜਰਬੇ ਦੀ ਸ਼ਰਤ ਵਿੱਚ ਹੁਣ ਹੇਠ ਲਿਖੇ ਅਨੁਸਾਰ ਸ਼ੋਧ ਕੀਤੀ ਜਾਂਦੀ ਹੈ:

ਅਵਾਰਡ ਲਈ ਸਿਫਾਰਿਸ਼ ਕੀਤੇ ਅਧਿਆਪਕ ਦਾ ਲੜਕੀਆਂ ਦੇ ਸਕੂਲ ਜਾਂ ਕੋ-ਐਜੂਕੇਸ਼ਨ ਸਕੂਲ ਵਿੱਚ ਘੱਟੋ ਘੱਟ ਪੰਜ ਸਾਲ ਪੜ੍ਹਾਉਣ ਦਾ ਤਜਰਬਾ ਹੋਣਾ ਚਾਹੀਦਾ ਹੈ।

ਇਸ ਲਈ ਉਪਰੋਕਤ ਸੋਧੀ ਸ਼ਰਤ ਅਨੁਸਾਰ ਯੋਗ ਅਧਿਆਪਕਾਂ ਦੇ ਕੇਸ ਮਿਤੀ 12-05-2014 ਦੁਪਹਿਰ 2-00 ਵਜੇ ਤੱਕ ਇਸ ਦਫਤਰ ਵਿਖੇ ਪੁਜਦੇ ਕਰਨਾ ਯਕੀਨੀ ਬਣਾਇਆ ਜਾਵੇ।

10/5/14

(ਅਮਰੀਸ਼ ਕੁਮਾਰ)

ਡਿਪਟੀ ਡਾਇਰੈਕਟਰ ( ਸੈ.ਸਿ.)

ਦਫਤਰ ਡਾ.ਸਿ.ਵਿਭਾਗ.(ਸੈ.ਸਿ.)

ਦਫਤਰ: ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ) ਪੰਜਾਬ, ਅਜੀਤਗੜ੍ਹ।

ਹੁਕਮ ਨੰ:-15/4-2014 ਸੈ:ਸਿ:(2)
ਮਿਤੀ : ਅਜੀਤਗੜ੍ਹ 13-05-2014

ਪੰਜਾਬ ਸਰਕਾਰ ਸਿਖਿਆ ਵਿਭਾਗ ਦੇ ਮੀਮੋ ਨੰ:4/2/12-1ਸਿ 6/343 ਮਿਤੀ3-5-2014 ਰਾਹੀਂ ਮਾਲਤੀ ਗਿਆਨ ਪੀਠ ਪੁਰਸਕਾਰ ਸਾਲ 2014 ਦੇਣ ਸਬੰਧੀ ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਦੇ ਪੈਰਾ ਨੰ:(ਬੀ) ਪਾਤਰਤਾ ਦੇ ਲੜੀ ਨੰ: 7 ਤੇ ਜੋ ਸ਼ਰਤ ਲਗਾਈ ਗਈ ਸੀ ਕਿ ਸਟੇਟ ਅਵਾਰਡ/ਨੈਸ਼ਨਲ ਅਵਾਰਡ ਪ੍ਰਾਪਤ ਕਰ ਚੁੱਕੇ ਅਧਿਆਪਕਾਂ ਦੇ ਕੇਸ ਇਸ ਅਵਾਰਡ ਲਈ ਨਹੀ ਵਿਚਾਰੇ ਜਾਣਗੇ ਉਹ ਸ਼ਰਤ ਵਾਪਸ ਲਈ ਜਾਂਦੀ ਹੈ ।

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ ਸਿਖਿਆ ਵਿਭਾਗ

ਪਿੱਠ ਅੰਕਣ ਨੰ:-ਉਕਤ ਮਿਤੀ ਚੰਡੀਗੜ੍ਹ:- 13.5.14

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਿਖਿਆ ਮੰਤਰੀ, ਪੰਜਾਬ।
2. ਪੀ.ਏ ਟੂ ਪ੍ਰਿੰਸੀਪਲ ਸਕੱਤਰ, ਸਿਖਿਆ ਵਿਭਾਗ, ਪੰਜਾਬ।
3. ਸੁਪਰਡੰਟ ਸਿਖਿਆ-6 ਸ਼ਾਖਾ।

13/5/14
ਡਿਪਟੀ ਡਾਇਰੈਕਟਰ (ਸੈ:ਸਿ:)